ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਪ੍ਰਭਜੋਤ ਕੌਰ ਦੀ ਵਾਰਤਕ ਦਾ ਕਲਾਤਮਿਕ ਸੁਹਜ



ਡਾ. ਗੁਰਸੇਵਕ ਸਿੰਘ ਲੰਬੀ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਟੀ
ਪਟਿਆਲਾ।
+91 99141-50353

ਪ੍ਰਭਜੋਤ ਕੌਰ ਮੂਲ ਰੂਪ ਵਿਚ ਇਕ ਕਵਿਤਰੀ ਹੈ, ਪਰ ਉਸਨੇ ਸਾਹਿਤ ਦੀਆਂ ਹੋਰ ਵਿਧਾਵਾਂ ਵਿਚ ਵੀ ਗੌਲਣਯੋਗ ਕੰਮ ਕੀਤਾ ਹੈ। ਇਸ ਪੇਪਰ ਦਾ ਕੇਂਦਰ ਉਸਦੀ ਵਾਰਤਕ ਹੈ ਜੋ ਵਧੇਰੇ ਤੌਰ ਤੇ ਸਵੈਮੂਲਕ ਹੈ। ਉਸਦੀ ਵਾਰਤਕ ਰਚਨਾ ਨੂੰ ਤਿੰਨ ਕੋਣਾਂ ਤੋਂ ਦੇਖਿਆ ਜਾ ਸਕਦਾ ਹੈ। ਪਹਿਲਾ ਤਾਂ ਇਹ ਹੈ ਕਿ ਉਸਨੇ ਆਪਣੇ ਜੀਵਨ ਨੂੰ 'ਜੀਣਾ ਵੀ ਇਕ ਅਦਾ ਹੈ' ਰਾਹੀਂ ਦੋ ਭਾਗਾਂ ਵਿਚ ਬਿਆਨਿਆ ਹੈ। ਇਹ ਸ਼ੁੱਧ ਰੂਪ ਵਿਚ ਉਸਦੀ ਸਵੈਜੀਵਨੀ ਹੈ ਜਿਸ ਵਿਚ ਉਸਨੇ ਆਪਣੇ ਜੀਵਨ ਦੀਆਂ ਅਹਿਮ ਘਟਨਾਵਾਂ ਨੂੰ ਵਿਸਥਾਰ ਵਿਚ ਦੱਸਿਆ ਹੈ। ਉਸਦੀ ਵਾਰਤਕ ਦਾ ਇਕ ਪੱਖ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਭਾਸ਼ਾ ਵਿਭਾਗ, ਪੰਜਾਬ ਨਾਲ ਜੁੜਦਾ ਹੈ। ਪੰਜਾਬੀ ਯੂਨੀਵਰਸਿਟੀ ਇਕ ਵਿਸ਼ੇਸ਼ ਲੜੀ ਤਹਿਤ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੀ ਸਿਰਜਣ-ਪ੍ਰਕਿਰਿਆ ਨੂੰ 'ਸਾਹਿਤਕ ਸਵੈਜੀਵਨੀ' ਦੇ ਰੂਪ ਵਿਚ ਲਿਖਵਾਉਂਦੀ ਹੈ ਜਿਸ ਵਿਚ ਹੁਣ ਤਕ ਵਰਿਆਮ ਸਿੰਘ ਸੰਧੂ, ਰਵਿੰਦਰ ਰਵੀ, ਚਰਨਦਾਸ ਸਿੱਧੂ, ਅਜਮੇਰ ਸਿੰਘ ਔਲਖ, ਗੁਰਦਿਆਲ ਸਿੰਘ, ਮਨਮੋਹਨ ਬਾਵਾ, ਜਸਬੀਰ ਭੁੱਲਰ, ਅਜਾਇਬ ਚਿਤਰਕਾਰ ਆਦਿ ਸਮੇਤ ਦਰਜਨਾਂ ਲੇਖਕਾਂ ਦੀਆਂ ਸਾਹਿਤਕ ਸਵੈਜੀਵਨੀਆਂ ਛਾਪੀਆਂ ਜਾ ਚੁੱਕੀਆਂ ਹਨ। ਇਸੇ ਲੜੀ ਵਿਚ ਹੀ ਪ੍ਰਭਜੋਤ ਕੌਰ ਦੀ ਸਾਹਿਤਕ ਸਵੈਜੀਵਨੀ ਨੂੰ ਦੇਖਿਆ ਜਾ ਸਕਦਾ ਹੈ। ਉਸਦੀ ਵਾਰਤਕ ਦਾ ਅਗਲਾ ਪੱਖ ਭਾਸ਼ਾ ਵਿਭਾਗ, ਪੰਜਾਬ ਵਾਲਾ ਹੈ ਜਿਸ ਵਿਚ ਵਿਭਾਗ ਵੱਲੋਂ ਪ੍ਰਸਿੱਧ ਲੇਖਕਾਂ ਦੀ ਸਿਰਜਣ-ਪ੍ਰਕਿਰਿਆ ਦੇ ਅਨੁਭਵ ਇਕ ਪ੍ਰਾਜੈਕਟ ਤਹਿਤ ਲਿਖਵਾਏ ਜਾਂਦੇ ਹਨ। ਇਸ ਦਾ ਪ੍ਰਤੀਫਲ ਪ੍ਰਭਜੋਤ ਕੌਰ ਦੀ ਪੁਸਤਕ 'ਕਾਵਿ ਕਲਾ ਤੇ ਮੇਰਾ ਅਨੁਭਵ' ਹੈ। ਇਹ ਇਕ ਤਰ੍ਹਾਂ 'ਮਾਈਕਰੋ' ਰੂਪ ਵਿਚ ਲੇਖਕ ਦੀ ਸਿਰਜਣਾ ਨੂੰ ਜਾਨਣ ਦਾ ਉੱਦਮ ਹੈ। ਸਪਸ਼ਟ ਰੂਪ ਵਿਚ ਪ੍ਰਭਜੋਤ ਕੌਰ ਦੀ ਵਾਰਤਕ ਦੋ ਦਿਸ਼ਾਵਾਂ ਦਾ ਸੁਮੇਲ ਬਣ ਜਾਂਦੀ ਹੈ, ਉਸਦੀ ਪਰਿਵਾਰਕ ਤੇ ਸਮਾਜਿਕ ਜ਼ਿੰਦਗੀ ਅਤੇ ਉਸਦੀ ਬਤੌਰ ਲੇਖਕ ਵਾਲੀ ਜ਼ਿੰਦਗੀ ਭਾਵ ਉਸਦਾ ਸਿਰਜਣਾਤਮਕ ਸਫ਼ਰ। ਇਉਂ ਉਸਦੀ ਵਾਰਤਕ 'ਕਟਰਾਸਟ'(Contrast) ਦੇ ਰੂਪ ਵਿਚ ਆਕਾਰ ਗ੍ਰਹਿਣ ਕਰਦੀ ਹੈ।

ਕਿਸੇ ਵਾਰਤਕ ਵਿਚ ਤਿੰਨ ਪੱਖ ਅਹਿਮ ਹੁੰਦੇ ਹਨ। ਵਿਚਾਰ, ਭਾਸ਼ਾ ਅਤੇ ਸ਼ੈਲੀ। ਵਿਚਾਰ ਦੇ ਪੱਖ ਤੋਂ ਉਸਦੀ ਵਾਰਤਕ ਇਸ ਗੱਲ ਉਤੇ ਖੜ੍ਹੀ ਹੈ ਕਿ ਉਹ ਜ਼ਿੰਦਗੀ ਦੇ ਕਿਹੜੇ ਤਲਖ਼ ਅਤੇ ਖੁਸ਼ਨੁਮਾ ਪੜਾਵਾਂ ਵਿਚੋਂ ਲੰਘੀ ਜਿਹਨਾਂ ਨੇ ਉਸਨੂੰ ਪ੍ਰਭਜੋਤ ਕੌਰ

ਬਣਾਇਆ। ਉਸਦੇ ਜੀਵਨ ਵੇਰਵੇ ਸਪੱਸ਼ਟ ਕਰਦੇ ਹਨ ਕਿ ਉਹ ਇਕ ਖਾਸ ਪਰਿਵਾਰ ਵਿਚ ਜਨਮੀ ਜੋ ਆਰਥਿਕ ਤੇ ਸਮਾਜਿਕ ਪੱਖੋਂ ਚੰਗੇ ਦਰਜੇ ਦਾ ਸੀ। ਪਰ ਇਕ ਸਾਧਨਮੂਲਕ ਪਰਿਵਾਰ ਵਿਚ ਰਹਿੰਦਿਆਂ ਵੀ ਉਹ ਕਿੰਨ੍ਹਾਂ ਸਮੱਸਿਆਵਾਂ ਨਾਲ ਜੂਝੀ, ਟਕਰਾਈ ਹੈ, ਪਾਠਕ ਲਈ ਇਹ ਅਹਿਮ ਹੈ। ਕਿਸੇ ਲੇਖਕ ਦੀਆਂ ਰਚਨਾਵਾਂ ਦੇ ਪਿੱਛੇ ਕਿਹੜੀ ਧੁਨੀ ਕੰਮ ਕਰਦੀ ਹੈ ਇਹ ਉਸਦੇ ਜੀਵਨ ਵੇਰਵੇ ਦਸਦੇ ਹਨ। ਲੇਖਕ ਆਪਣੀ ਜ਼ਿੰਦਗੀ ਦੇ ਕਿਹੜੇ ਪਲਾਂ ਨੂੰ ਕਿਸ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਇਹ ਕਿਸੇ ਪਾਠਕ ਦੀ ਪਹੁੰਚ ਬਦਲਣ ਜਾਂ ਬਣਾਉਣ ਵਿਚ ਸਹਾਈ ਹੁੰਦੇ ਹਨ। ਪ੍ਰਭਜੋਤ ਕੌਰ ਦੇ ਜੀਵਨ ਵਿਚ ਆਈਆਂ ਸੁਹਾਵਣੀਆਂ ਰੁੱਤਾਂ, ਤਲਖ਼ੀਆਂ, ਕਸ਼ੀਦਗੀਆਂ ਦਾ ਬਿਰਤਾਂਤ ਉਸਦੀ ਵਾਰਤਕ ਨੂੰ ਠੋਸ ਬਣਾਉਂਦਾ ਹੈ। ਪਾਠਕ ਨੂੰ ਇਸ ਵਿਚੋਂ ਕੁਝ ਨਾ ਕੁਝ ਜ਼ਰੂਰ ਲੱਭਦਾ ਹੈ। ਉਸ ਵੱਲੋਂ ਛੋਟੀ ਉਮਰ ਵਿਚ ਲਿਖਣਾ ਆਰੰਭ ਕਰਨਾ ਤੇ ਅਨੇਕ ਪੁਸਤਕਾਂ ਦੀ ਰਚਨਾ ਕਰਨਾ ਆਪਣੇ ਆਪ ਵਿਚ ਜਾਨਣਯੋਗ ਮੁੱਦਾ ਹੈ।

ਡਾਕਟਰ ਮਨਮੋਹਨ ਕੇਸਰ ਦੇ ਸ਼ਬਦਾਂ ਵਿਚ 'ਵਾਰਤਕ ਤੋਂ ਭਾਵ ਉਹ ਇਕਾਈ ਹੈ ਜਿਸਨੇ ਪਾਠਕ ਨੂੰ ਇਕ ਵਿਸ਼ੇਸ਼ ਤਰ੍ਹਾਂ ਦੇ ਵਾਯੂਮੰਡਲ ਦੀ ਸੈਰ ਕਰਵਾਉਂਣੀ ਹੁੰਦੀ ਹੈ।'[1] ਇਸ ਤੱਥ ਦੀ ਲੋਅ ਵਿਚ ਪ੍ਰਭਜੋਤ ਕੌਰ ਦੀ ਵਾਰਤਕ ਨੂੰ ਪੜ੍ਹਦਿਆਂ ਤੁਸੀਂ ਇਕ ਵੱਖਰੇ ਵਾਯੂਮੰਡਲ ਨੂੰ ਮਹਿਸੂਸ ਕਰਦੇ ਹੋ। ਉਸਦੀ ਵਾਰਤਕ ਉਸਦੇ ਜੀਵਨ ਅਨੁਭਵ ਵਿਚੋਂ ਹੀ ਨਿਕਲੀ ਹੈ ਇਸ ਲਈ ਤੁਸੀਂ ਉਸਦੇ ਬਚਪਨ, ਜਵਾਨੀ, ਪੜ੍ਹਾਈ, ਸਿਰਜਣ-ਪ੍ਰਕਿਰਿਆ, ਰਿਸ਼ਤਿਆਂ ਦੇ ਨਾਲ ਨਾਲ ਤੁਰਦੇ ਹੋ। ਉਸਦੀ ਜ਼ਿੰਦਗੀ ਵਿਚ ਆਏ ਪਾਤਰ ਕਿਸੇ ਕਹਾਣੀ ਦੇ ਪਾਤਰ ਵਾਂਗ ਵਿਕਾਸ ਕਰਦੇ ਹਨ। ਪਾਠਕ ਨਾਲ ਇਕ ਰਿਸ਼ਤਾ ਬਣਾਉਂਦੇ ਹਨ। ਦੂਸਰੇ ਪਾਤਰਾਂ ਦੀ ਨਜ਼ਰ ਤੋਂ ਵੀ ਪਾਠਕ ਪ੍ਰਭਜੋਤ ਕੌਰ ਦੇ ਪਾਤਰ ਨੂੰ ਦੇਖਦਾ ਹੈ। ਉਹ ਆਪਣੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਬਹੁਤ ਵਿਸਥਾਰ ਨਾਲ ਬਿਆਨਦੀ ਹੈ। ਇਸ ਲਈ ਪਾਠਕ ਉਸ ਵਾਯੂਮੰਡਲ ਦੇ ਹਰ ਪੱਖ ਨਾਲ ਪਰਿਪੂਰਨ ਰੂਪ ਵਿਚ ਜੁੜਦਾ ਹੈ। ਪ੍ਰਭਜੋਤ ਕੌਰ ਜਦੋਂ ਬਚਪਨ ਤੋਂ ਜਵਾਨੀ ਦੇ ਵੇਰਵੇ ਸਾਂਝੇ ਕਰਦੀ ਹੈ ਤਾਂ ਉਹ ਸ਼ਹਿਰਾਂ ਦੇ ਨਾਵਾਂ, ਥਾਵਾਂ, ਪਹਾੜੀਆਂ, ਝਰਨਿਆਂ ਬਾਰੇ ਖੁੱਲ੍ਹ ਕੇ ਲਿਖਦੀ ਹੈ, ਉਸਦਾ ਅਨੁਭਵ ਪਾਠਕ ਤੱਕ ਸੰਚਾਰਿਤ ਹੁੰਦਾ ਹੈ।

ਸਵੈਜੀਵਨੀ ਸਾਹਿਤ ਦਾ ਮਹੱਤਵ ਇਸ ਕਰਕੇ ਵੀ ਹੁੰਦਾ ਹੈ ਕਿ ਇਹ ਆਪਣੇ ਸਮੇਂ ਦੇ ਇਤਿਹਾਸਕ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ ਦੀ ਨਕਸ਼ਨਿਗਾਰੀ ਕਰਦਾ ਹੈ।

ਪੰਜਾਬੀ ਦੀਆਂ ਬਹੁਤ ਸਾਰੀਆਂ ਸਵੈਜੀਵਨੀਆਂ ਵਿਚ ਤਤਕਾਲੀ ਸਥਿਤੀਆਂ ਦਾ ਪ੍ਰਗਟਾਵਾ ਹੈ। ਪ੍ਰਭਜੋਤ ਕੌਰ ਦੀ ਸਵੈਜੀਵਨੀ ਦਾ ਕੈਨਵਸ ਲਗਭਗ 1930 ਤੋਂ ਆਰੰਭ ਹੁੰਦਾ ਹੈ। ਉਸ ਸਮੇਂ ਭਾਰਤ ਦੇ ਆਜ਼ਾਦੀ ਅੰਦੋਲਨ ਦੇ ਦ੍ਰਿਸ਼ ਵਿਚ ਬਹੁਤ ਕੁਝ ਵਾਪਰਦਾ ਹੈ ਜਿਸ ਬਾਰੇ ਇਸ ਸਵੈਜੀਵਨੀ ਵਿਚ ਵੀ ਜ਼ਿਕਰ ਹੁੰਦਾ ਹੈ। ਜਦੋਂ ਕੋਈ ਲੇਖਕ ਇਹਨਾਂ ਸਥਿਤੀਆਂ-ਪਰਸਥਿਤੀਆਂ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਦਾ ਹੈ ਤਾਂ ਸਾਡੇ ਸਾਹਮਣੇ ਨਵੇਂ ਪੱਖ ਉਭਰਦੇ ਹਨ। ਜਿਵੇਂ ਪ੍ਰਭਜੋਤ ਕੌਰ 1919 ਦੇ ਸਾਕੇ ਬਾਰੇ, ਲਾਲਾ ਲਾਜਪਤ ਰਾਏ ਦੀ ਸ਼ਹੀਦੀ ਬਾਰੇ, ਮਹਾਤਮਾ ਗਾਂਧੀ ਦੇ ਅੰਦੋਲਨਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਉਸ ਸਮੇਂ ਦੀ ਔਰਤ ਦੀ ਸਥਿਤੀ ਬਾਰੇ ਵੀ ਇਸ਼ਾਰਾ ਕਰਦੀ ਹੈ। ਉਹ ਸਾਹਿਤਿਕ ਸਰਗਰਮੀਆਂ ਬਾਰੇ ਵੀ ਕੁਝ ਘਟਨਾਵਾਂ ਸਾਂਝੀਆਂ ਕਰਦੀ ਹੈ। ਇੰਝ ਉਹ ਸਮਕਾਲੀ ਸਥਿਤੀਆਂ ਦਾ ਵਿਸ਼ਲੇਸ਼ਣ ਕਰਦੀ ਹੋਈ ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਚਿਰਕਾਲੀ ਪ੍ਰਭਾਵ, ਮਹਾਤਮਾ ਗਾਂਧੀ ਦੀ ਅਹਿੰਸਾ ਲਹਿਰ, ਲਾਲਾ ਲਾਜਪਤ ਰਾਏ ਦੀ ਮੌਤ ਦੇ ਜੋਸ਼ੀਲੇ ਪਰਛਾਵੇਂ ਅਤੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹੀਦੀ ਦੇ ਗੁੱਸੇ ਨੂੰ ਪੰਜਾਬੀ ਲੋਕਾਂ ਦੀ ਚੇਤਨਾ ਵਿਚ ਮਹਿਸੂਸ ਕਰਦੀ ਹੈ। ਉਹ ਸੰਤਾਲੀ ਦੀ ਵੰਡ ਸਮੇਂ ਬਣੇ ਸਹਿਮ ਦੇ ਮਾਹੌਲ ਦਾ ਜ਼ਿਕਰ ਵੀ ਕਰਦੀ ਹੈ। ਇਸੇ ਤਰ੍ਹਾਂ ਉਸਦੀ ਵਾਰਤਕ ਵਿਚ ਤਤਕਾਲੀ ਧਾਰਮਿਕ ਅਤੇ ਸਮਾਜਿਕ ਲਹਿਰਾਂ ਦੀਆਂ ਗਤੀਵਿਧੀਆਂ ਦਾ ਜ਼ਿਕਰ ਉਸਦੀ ਵਾਰਤਕ ਨੂੰ ਬਹੁ-ਦਿਸ਼ਾਵੀਂ ਬਣਾ ਦਿੰਦਾ ਹੈ।

ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਆਪਣੀਆਂ ਜੀਵਨ ਘਟਨਾਵਾਂ ਨੂੰ ਬਿਆਨ ਹੀ ਨਹੀਂ ਕਰਦੀ ਬਲਕਿ ਉਹਨਾਂ ਨੂੰ ਦਾਰਸ਼ਨਿਕ ਪਰਿਪੇਖ ਵਿਚ ਵੀ ਦੇਖਦੀ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਜੀਵਨ ਘਟਨਾਵਾਂ ਦੋ ਪੁਸਤਕਾਂ ਵਿਚ ਆਕਾਰ ਗ੍ਰਹਿਣ ਕਰ ਜਾਂਦੀਆਂ ਹਨ। ਉਹਨਾਂ ਘਟਨਾਵਾਂ ਨੂੰ 'ਥਿਉਰਾਈਜ਼' ਕਰਦੀ ਹੈ। ਇਸ ਜੁਗਤ ਜ਼ਰੀਏ ਉਸਦੀ ਵਾਰਤਕ ਦਾ ਘੇਰਾ ਵਸੀਹ ਹੋ ਜਾਂਦਾ ਹੈ। ਉਸਦੀ ਵਾਰਤਕ ਸਮਾਜ ਦੇ ਅਨੇਕ ਵਰਗਾਂ ਨਾਲ ਜਾ ਜੁੜਦੀ ਹੈ। ਉਹ ਜਿਸ ਘਟਨਾ ਦਾ ਜ਼ਿਕਰ ਕਰਦੀ ਹੈ ਉਸ ਨੂੰ ਦਰਸ਼ਨੀ ਪੁੱਠ ਦੇ ਦਿੰਦੀ ਹੈ ਜਿਵੇਂ :-

'ਇਸਤਰੀ ਕੀ ਹੁੰਦੀ ਹੈ ਅਤੇ ਮਰਦ ਕੀ ਹੁੰਦਾ ਹੈ। ਜੀਵਨ ਦੇ ਇਹ ਦੋਵੇਂ ਪਹੀਏ ਹਨ। ਬੱਚੇ ਇਹ ਦੋਵੇਂ ਇਕੱਠੇ ਹੋ ਕੇ ਪੈਦਾ ਕਰਦੇ ਹਨ। **ਜਵਾਨੀ ਵਿਚ ਰੂਪ ਕਿਉਂ ਚੜ੍ਹਦਾ ਹੈ ਤੇ ਹਰ ਰੋਜ਼ ਨਵੇਂ ਸੁਪਨੇ ਕਿਉਂ ਆਉਂਦੇ ਹਨ।**'2

ਇਸੇ ਤਰ੍ਹਾਂ ਇਕ ਥਾਂ ਉਹ ਭਾਈ ਰਣਧੀਰ ਸਿੰਘ ਦਾ ਜ਼ਿਕਰ ਕਰਦੀ ਹੈ ਕਿ ਜਦੋਂ ਉਹ ਮੇਰੇ ਤੋਂ ਕਵਿਤਾ ਸੁਣਦੇ ਤਾਂ ਕਹਿੰਦੇ,'ਇਹ ਬੀਬੀ, ਬਹੁਤ ਦੂਰ ਜਾਏਗੀ, ਉਦੋਂ ਮੈਂ ਸੋਚਦੀ ਸਾਂ ਕਿ ਕਿੱਥੇ ਜਾਵਾਂਗੀ ਮੈਂ! ਕਿੰਨੀ ਦੂਰ? ਇਹ ਦੂਰ ਕਿਹੋ ਜਿਹਾ ਹੋਵੇਗਾ। ਪਰ ਹੁਣ ਮੈਂ ਉਸ ਦੂਰ ਪਹੁੰਚ ਗਈ ਹਾਂ। ਕੋਈ ਸਵਾਲ ਬਾਕੀ ਨਹੀਂ। ਕੋਈ ਉਤਸੁਕਤਾ ਨਹੀਂ। ਕੋਈ ਉਤੇਜਨਾ ਨਹੀਂ। ਕੋਈ ਸ਼ੱਕ-ਸ਼ੰਕਾ ਵੀ ਨਹੀਂ...।'[3] ਇਸ ਤਰ੍ਹਾਂ ਦੇ ਵੇਰਵੇ ਉਸ ਦੀਆਂ ਚਾਰੇ ਵਾਰਤਕ ਰਚਨਾਵਾਂ ਵਿਚ ਮਿਲਦੇ ਹਨ ਜੋ ਉਸਦੀ ਵਾਰਤਕ ਨੂੰ ਰੌਚਕ ਬਣਾਉਂਦੇ ਹਨ। 'ਜੀਣਾ ਵੀ ਇਕ ਅਦਾ ਹੈ' (ਭਾਗ-ਪਹਿਲਾ) ਦੇ ਪਹਿਲੇ ਦੋ ਕਾਂਡ ਤਾਂ ਪੂਰੇ ਦੇ ਪੂਰੇ ਦਰਸ਼ਨੀ ਚੇਤਨਾ ਨਾਲ ਜੁੜੇ ਹੋਏ ਹਨ।

ਪ੍ਰਭਜੋਤ ਕੌਰ ਦੀ ਵਾਰਤਕ ਦੀ ਪੁਣ-ਛਾਣ ਲਈ ਉਸਦੀ ਵਾਰਤਕ ਦੇ ਕਲਾਤਮਿਕ ਵਿਸਥਾਰ ਨੂੰ ਦੇਖਣਾ ਬਣਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਉਹ ਆਪਣੀ ਸਵੈਜੀਵਨੀ ਕਾਵਿਕ ਟੁਕੜੀਆਂ ਨਾਲ ਸ਼ੁਰੂ ਕਰਦੀ ਹੈ। 'ਜੀਣਾ ਵੀ ਇਕ ਅਦਾ ਹੈ' ਦੇ ਦੋਨੋਂ ਭਾਗਾਂ ਦੇ ਪਹਿਲੇ ਕਾਂਡ ਉਹ ਕਵਿਤਾ ਵਿਚ ਰਚਦੀ ਹੈ। ਇਸ ਵਿਚ ਕੋਈ ਜੀਵਨ ਵੇਰਵਾ ਜਾਂ ਘਟਨਾ ਨਹੀਂ ਪਰ ਸਮੁੱਚੇ ਜੀਵਨ ਦਾ ਨਿਚੋੜ ਹੈ। ਇਹਨਾਂ ਨੂੰ ਪੜ੍ਹਦਿਆਂ ਲਗਦਾ ਹੈ ਜਿਵੇਂ ਕਿਸੇ ਰਚਨਾ ਦਾ 'ਮੰਗਲਾਚਰਨ' ਪੜ੍ਹ ਰਹੇ ਹੋਈਏ। ਇਹ ਸਤਰਾਂ ਪੁਸਤਕ ਦੇ ਆਰੰਭ ਵਿਚ ਹੀ ਪਾਠਕ ਦੀ ਉਂਗਲੀ ਫੜ ਲੈਂਦੀਆਂ ਹਨ। ਜਿਵੇਂ :-

ਅੱਜ ਮੈਂ
ਸਾਰਾ ਭੇਦ ਖੋਹਲਣਾ ਹੈ
ਅਪਣੇ ਦੁਖ ਸੁਖ ਦਾ
ਆਸਾਂ
ਨਿਰਾਸਤਾਵਾਂ ਦਾ
ਭੁੱਖਾਂ ਤੇ ਤੋਟਾਂ ਦਾ
ਅਪਣੇ ਸੁਪਨਿਆਂ ਦੀ
ਟੁੱਟ ਭੱਜ ਦਾ
ਅਪਣੀ ਚੋਰ ਪਟਾਰੀ ਨੂੰ
ਫੋਲ ਕੇ
ਦੇਖਣਾ ਹੈ, ਅਪਨਾਣਾ ਹੈ

ਤੇ ਉਸ ਵਿਚਲੇ ਰੰਗ ਬਿਰੰਗੇ
ਧਾਗਿਆਂ ਦੀਆਂ ਗੰਢਾਂ ਖੋਹਲ ਕੇ
ਸੁਲਝਾਣਾ ਹੈ...[4]

ਇਹਨਾਂ ਸਤਰਾਂ ਵਿਚ ਪ੍ਰਭਜੋਤ ਕੌਰ ਦੀ ਕਾਵਿਕ ਸ਼ਬਦ ਲੀਲ੍ਹਾ ਦੇ ਦਰਸ਼ਨ ਹੁੰਦੇ ਹਨ। ਕਿਸੇ ਵਾਰਤਕ ਦਾ ਮੂਲ Expression ਉਸਦੀ ਸ਼ੈਲੀ, ਉਸਦੀ ਭਾਸ਼ਾ ਹੁੰਦੀ ਹੈ। ਸ਼ੈਲੀ ਹੀ ਆਮ ਗੱਲਬਾਤ ਨੂੰ ਵਿਸ਼ੇਸ਼, ਪ੍ਰਭਾਵਸ਼ਾਲੀ ਅਤੇ ਰੋਚਕ ਬਣਾਉਂਦੀ ਹੈ। ਸ਼ੈਲੀ ਨਾਲ ਹੀ ਭਾਸ਼ਾ ਸਾਹਿਤਕ ਭਾਸ਼ਾ ਵਿਚ ਢਲ਼ ਜਾਂਦੀ ਹੈ। ਖ਼ੂਬਸੂਰਤ ਸ਼ੈਲੀ ਉਹ ਹੈ ਜੋ ਕਿਸੇ ਰਚਨਾ ਦੀ ਆਤਮਾ ਬਣ ਜਾਂਦੀ ਹੈ। ਲੇਖਕ ਦੀ ਪ੍ਰਤਿਭਾ, ਅਨੁਭਵ ਤੇ ਭਾਸ਼ਾ ਯੋਗਤਾ ਇਸ ਵਿਚ ਕੰਮ ਕਰਦੇ ਹਨ। ਕਾਰਲਾਈਲ (Thomas Carlyle) ਨੇ ਸ਼ੈਲੀ ਬਾਰੇ ਕਿਹਾ ਹੈ ਕਿ 'Style is not the coat of writer but his skin'[5]

ਲਿਖਤ ਵਿਚ ਸ਼ੈਲੀ ਦੀ Beauty ਨੂੰ ਵੱਖ-ਵੱਖ ਤਰ੍ਹਾਂ ਨਾਲ ਦੇਖਿਆ ਜਾ ਸਕਦਾ ਹੈ। ਡਾ. ਸਤਿੰਦਰ ਸਿੰਘ ਸ਼ੈਲੀ ਨੂੰ ਤਿੰਨ ਵਰਗਾਂ ਵਿਚ ਵੰਡਦਾ ਹੈ। ਪਹਿਲਾ, ਇਹ ਲੇਖਕ ਦਾ ਵਿਅਕਤੀਗਤ ਪ੍ਰਗਟਾਓ ਢੰਗ ਹੈ ਦੂਸਰਾ, ਇਹ ਵਿਚਾਰਾਂ ਦੀ ਤਰਤੀਬ ਦਾ ਸਰਲ ਤੇ ਸਪੱਸ਼ਟ ਪ੍ਰਗਟਾਓ ਆ ਜਾਂਦਾ ਹੈ। ਤੀਸਰਾ, ਸ਼ੈਲੀ ਨਿੱਜੀ ਗੁਣਾਂ ਤੋਂ ਉੱਪਰ ਉੱਠ ਕੇ ਵਿਆਪਕ ਗੁਣਾਂ ਦੀ ਧਾਰਨੀ ਹੋ ਜਾਂਦੀ ਹੈ। ਇਹਨਾਂ ਨੁਕਤਿਆਂ ਦੀ ਲੋਅ ਵਿਚ ਪ੍ਰਭਜੋਤ ਕੌਰ ਦੀ ਵਾਰਤਕ ਪੜ੍ਹਦਿਆਂ ਇਕ ਗੱਲ ਤਾਂ ਸਪੱਸ਼ਟ ਹੁੰਦੀ ਹੈ ਕਿ ਇਹ ਵਾਰਤਕ ਇਕ ਕਵੀ ਦੀ ਲਿਖੀ ਹੋਈ ਵਾਰਤਕ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਵਾਰਤਕ ਵਿਚ ਕਾਵਿਕ ਅੰਸ਼ ਇਸਨੂੰ ਖ਼ੂਬਸੂਰਤ ਬਣਾ ਦਿੰਦੇ ਹਨ ਪਰ ਜਦੋਂ ਇਕ ਕਵੀ ਵਾਰਤਕ ਲਿਖਦਾ ਹੈ ਤਾਂ ਇਹ ਅੰਸ਼ ਸੁਤੇ-ਸਿੱਧ ਹੀ ਉਸਦੀ ਵਾਰਤਕ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਪ੍ਰਭਜੋਤ ਕੌਰ ਦੀ ਵਾਰਤਕ ਥਾਂ ਪੁਰ ਥਾਂ ਕਾਵਿਕ ਵਾਰਤਕ ਵਜੋਂ ਢਲਦੀ ਹੈ। ਉਸਦੀ ਵਾਰਤਕ ਰਚਨਾ 'ਮੇਰੀ ਸਾਹਿਤਕ ਸਵੈਜੀਵਨੀ' ਦਾ ਪਹਿਲਾ ਪੰਨਾ ਹੀ ਦੇਖਿਆ ਜਾ ਸਕਦਾ ਹੈ। ਉਹ ਲਿਖਦੀ ਹੈ :-

"ਮੈਂ ਫੁੱਲਾਂ ਦੀ ਮਹਿਕ ਸੁੰਘੀ ਹੈ ਤੇ ਉਹਨਾਂ ਦੇ ਬਾਗ਼ ਲਾਏ ਤੇ ਉਹਨਾਂ ਦੀ ਦੇਖ ਰੇਖ ਕੀਤੀ ਹੈ। ਮੈਂ ਖ਼ੁਸ਼ ਹੋ ਕੇ ਨੱਚੀ ਹਾਂ ਤੇ ਘੁੰਗਰੂ ਛਣਕਾਏ ਹਨ। ਮੈਂ ਮਸਤ ਹੋ ਕੇ ਗਾਵੀਂ ਹਾਂ ਬੁੱਲ੍ਹੇ ਸ਼ਾਹ ਵਾਂਗ। ਮੈਂ ਮੀਰਾ ਬਣ ਕੇ ਲਗਨ ਲਗਾਈ ਹੈ ਤੇ ਪਿਆਰ ਦੇ ਗੀਤਾਂ ਦੀ ਸਿਰਜਣਾ ਕੀਤਾ ਹੈ। ਮੈਂ ਰੱਜ ਕੇ ਪਿਆਰ ਕੀਤਾ ਹੈ। ਵਿਛੋੜੇ ਦਾ ਸੱਲ ਸਿਹਾ ਹੈ। ਵਸਲ ਦੀ ਖ਼ੁਸ਼ੀ

ਮਾਣੀ ਹੈ। ਦਰਦ ਨੂੰ ਜੀਵਿਆ ਹੈ। ਪਲ ਪਲ ਨੂੰ ਗਿਣਿਆ ਹੈ। ਤਾਰੇ ਅੱਖਾਂ ਵਿਚ ਉਤਾਰੇ ਹਨ, ਆਕਾਸ਼ ਨੂੰ ਛਾਤੀ ਵਿਚ। ਧਰਤੀ ਤੇ ਪੈਰ ਜਮਾਏ ਹਨ ਤੇ ਪਹਾੜਾਂ ਨੂੰ ਕੱਛਿਆ ਹੈ, ਉਹਨਾਂ ਵਿਚ ਪਸਰੀ ਸੁੰਨਸਾਨ ਤੇ ਚੁੱਪ ਦੇ ਰਾਗ ਨੂੰ ਮਾਣਿਆ ਹੈ ਤੇ ਉਸਦੀ ਬੋਲੀ ਸਮਝੀ ਹੈ, ਮੈਂ ਸਾਗਰਾਂ ਨੂੰ ਗਾਹਿਆ ਹੈ ਤੇ ਉਨ੍ਹਾਂ ਦੇ ਉਠਦੇ ਤੂਫ਼ਾਨਾਂ ਵਿਚ ਝਕੋਲੇ ਖਾਧੇ ਹਨ।[6]

ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਸਿਰਫ਼ ਕਾਵਿਕ ਸ਼ੈਲੀ ਦੀ ਵਰਤੋਂ ਹੀ ਨਹੀਂ ਕਰਦੀ ਬਲਕਿ ਉਹ ਜੀਵਨ ਪ੍ਰਸੰਗਾਂ ਨੂੰ ਕਾਵਿ ਟੁਕੜੀਆਂ ਦੇ ਹਵਾਲੇ ਨਾਲ ਵੀ ਪੇਸ਼ ਕਰਦੀ ਹੈ। ਉਹ ਆਪਣੀ ਗੱਲ ਕਹਿੰਦੀ ਹੈ ਤੇ ਫਿਰ ਕੁਝ ਕਾਵਿ ਸਤਰਾਂ ਨਾਲ ਉਸਨੂੰ ਹੋਰ ਪਰਿਪੱਕ ਕਰਦੀ ਹੈ। ਇੰਝ ਉਹ ਪਾਠਕ ਨੂੰ ਭਾਵਨਾਤਮਕ ਪਾਸਾਰ ਵਿਚ ਬੰਨ੍ਹ ਲੈਂਦੀ ਹੈ। ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਪ੍ਰਸ਼ਨੋਤਰੀ ਵਿਧੀ ਦੀ ਵਰਤੋਂ ਬਹੁਤ ਕਰਦੀ ਹੈ। ਉਹ ਸਥਿਤੀਆਂ ਨੂੰ, ਸਮੇਂ ਨੂੰ, ਆਪਣੇ ਆਪ ਨੂੰ ਅਨੇਕ ਸਵਾਲ ਕਰਦੀ ਹੈ। ਇਹ ਸਵਾਲ ਉਸਦੀ ਰਚਨਾ ਵਿਚੋਂ ਨਿਕਲ ਕੇ ਲੋਕਾਈ ਦੇ ਸਵਾਲ ਬਣ ਜਾਂਦੇ ਹਨ। ਆਧੁਨਿਕ ਮਨੁੱਖ ਜੋ ਨਿਰੀਆਂ ਉਲਝਣਾਂ ਵਿਚ ਘਿਰਿਆ ਹੋਇਆ ਹੈ ਇਹਨਾਂ ਸਵਾਲਾਂ ਨੂੰ ਆਪਣੇ ਸਨਮੁੱਖ ਦੇਖਦਾ ਹੈ, ਖ਼ੁਦ ਉਹਨਾਂ ਦਾ ਉੱਤਰ ਲੱਭਣ ਲਈ ਅਗਰਸਰ ਹੁੰਦਾ ਹੈ। ਜਿਵੇਂ ਉਹ ਲਿਖਦੀ ਹੈ :-

'ਮੈਂ ਕੌਣ ਹਾਂ? ਮੈਂ ਕੀ ਹਾਂ? ਮੈਂ ਕੀ ਹਾਂ? ਮੈਂ ਕਿਥੇ ਹਾਂ? ਮੈਂ ਕਿਉਂ ਜਿਉਂਦੀ ਹਾਂ? ਮੇਰੀ ਮੈਂ ਦਾ ਕੀ ਮੰਤਵ ਹੈ?'[7]

ਪ੍ਰਭਜੋਤ ਕੌਰ ਆਪਣੀ ਵਾਰਤਕ ਵਿਚ ਅਨੇਕ ਬਿੰਬ ਵਰਤਦੀ ਹੈ ਪਰ ਉਸਦੇ ਵਧੇਰੇ ਬਿੰਬ ਪੰਜਾਬੀ ਦੀਆਂ ਪ੍ਰੀਤ ਕਥਾਵਾਂ ਵਿਚੋਂ ਆਉਂਦੇ ਹਨ। ਉਹ ਇਕ ਸਫ਼ਲ ਲੇਖਿਕਾ ਹੈ ਪਰ ਕੁਝ ਅਸਫ਼ਲਤਾਵਾਂ ਨੂੰ ਸਾਹਮਣੇ ਖੜ੍ਹਾ ਦੇਖਦੀ ਹੈ। ਉਹ ਆਪਣੀ ਹੋਂਦ ਦੀ ਤੁਲਨਾ ਪ੍ਰੀਤ ਕਥਾਵਾਂ ਦੇ ਪਾਤਰਾਂ ਨਾਲ ਕਰਦੀ ਹੈ। ਉਹ ਇਸ ਉਲਝਣ ਵਿਚ ਹੈ ਕਿ ਉਹ ਕਿਸ ਕਥਾ ਦੀ ਪਾਤਰ ਹੈ।

"ਜਾਂ ਕਿ ਮੈਂ ਸੋਹਣੀ ਸਾਂ ਕਿ ਆਪਣੇ ਮਹੀਂਵਾਲ ਲਈ, ਕਚੇ ਘੜੇ ਨੂੰ ਸਹਾਰਾ ਬਣਾ ਸ਼ੂਕਦੀ ਨਦੀ ਵਿਚ ਠਿਲ੍ਹ ਪਈ ਸਾਂ। ਕਿ ਮੈਂ ਲੈਲਾ, ਮਹਿਲਾਂ ਵਿਚ ਬੰਦ ਆਪਣੇ ਕੇਸ ਲਈ ਤੜਪ ਰਹੀਂ ਸਾਂ। ਜਾਂ ਕਿ ਮੈਂ ਸੱਸੀ, ਪੁੰਨੂੰ ਨੂੰ ਢੂੰਢਦੀ ਰੇਤ ਨਾਲ ਬਲ ਬਲ ਪੈ ਰਹੀਂ ਸਾਂ।[8]

ਇਸੇ ਤਰ੍ਹਾਂ ਵਾਰਤਕ ਨਿਭਾਅ ਵਿਚ ਪ੍ਰਭਜੋਤ ਕੌਰ ਬਿਰਤਾਂਤਕ, ਵਿਆਖਿਆਤਮਕ ਸ਼ੈਲੀ ਦੀ ਵਰਤੋਂ ਕਰਦੀ ਹੈ। ਉਹ ਢੁੱਕਵੀਂ ਅਲੰਕਾਰਕ ਭਾਸ਼ਾ ਵਿਚ ਗੱਲ ਕਹਿੰਦੀ ਹੈ ਇੰਝ ਉਹ

ਸੁਚੱਜੇ ਢੰਗ ਨਾਲ ਆਪਣੀ ਸਵੈਜੀਵਨੀ, ਸਾਹਿਤਕ ਸਵੈਜੀਵਨੀ ਤੇ ਕਾਵਿ ਅਨੁਭਵਾਂ ਨੂੰ ਲੜੀਬੱਧ ਕਰਦੀ ਹੈ। ਸਵੈਜੀਵਨੀ ਨੂੰ ਉਹ ਕਾਂਡਾਂ ਵਿਚ ਵੰਡਦੀ ਹੈ ਪਰ ਸਾਹਿਤਕ ਸਵੈਜੀਵਨੀ ਦੇ ਅਧਿਆਵਾਂ ਨੂੰ ਉਹ ਸਿਰਲੇਖ ਦਿੰਦੀ ਹੈ। 'ਕਾਵਿ ਕਲਾ ਤੇ ਮੇਰਾ ਅਨੁਭਵ' ਵਿਚ ਉਹ ਵਧੇਰੇ ਸਿਰਲੇਖ ਆਪਣੀਆਂ ਕਾਵਿ ਪੁਸਤਕਾਂ ਵਾਲੇ ਰੱਖਦੀ ਹੈ। ਸਿਰਲੇਖ ਪੜ੍ਹਦਿਆਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਵੇਰਵਾ ਉਸਦੀ ਕਾਵਿ ਪੁਸਤਕ ਨਾਲ ਸੰਬੰਧਿਤ ਹੈ। 'ਮੇਰੀ ਸਾਹਿਤਕ ਸਵੈਜੀਵਨੀ' ਵਿਚ ਉਹ ਨਿਰੋਲ ਘਟਨਾਵਾਂ ਦੇ ਵੇਰਵੇ ਦੇ ਕੇ ਸਪੱਸ਼ਟ ਕਰਦੀ ਹੈ ਕਿ ਕਿਹੜੀ ਰਚਨਾ ਕਦੋਂ ਅਤੇ ਕਿੰਨਾਂ ਸਥਿਤੀਆਂ ਵਿਚ ਲਿਖੀ ਗਈ ਪਰ ਸਵੈਜੀਵਨੀ ਲਿਖਣ ਸਮੇਂ ਉਹ ਸਿਰਫ਼ ਘਟਵਾਨਾਂ ਹੀ ਸਾਂਝੀਆਂ ਨਹੀਂ ਕਰਦੀ ਬਲਕਿ ਉਹਨਾਂ ਘਟਨਾਵਾਂ ਦੇ ਦੂਜੇ ਪਾਸੇ ਪਈਆਂ ਖ਼ਾਮੋਸ਼ੀਆਂ ਵੱਲ ਵੀ ਇਸ਼ਾਰਾ ਕਰਦੀ ਹੈ। ਇੰਞ ਉਸਦੀ ਵਾਰਤਕ ਸਿਰਫ਼ 'ਡੈਟਾ' ਹੀ ਨਹੀਂ ਦਿੰਦੀ ਬਲਕਿ ਸਾਹਿਤਕ ਅਤੇ ਕਲਾਤਮਿਕ ਸੁਹਜ ਵੀ ਪ੍ਰਦਾਨ ਕਰਦੀ ਹੈ। ਜਿਵੇਂ :-

ਖਾਲਸ ਕਵੀ ਸਦਾ ਆਪਣੇ ਨਿਜੀ ਤਜਰਬੇ ਨੂੰ ਹੀ ਵਰਤਦਾ ਹੈ। ਇਹ ਪੀੜ ਮੇਰੀ ਆਪਣੀ ਹੈ! ਜੋ ਮੈਂ ਹੰਡਾਈ ਹੈ, ਉਸੇ ਨੂੰ ਸਰਬ ਵਿਆਪੀ ਕਰਨ ਵਿੱਚ ਸਫ਼ਲ ਹੋ ਜਾਣਾ ਹੀ ਮੇਰੀ ਸਫ਼ਲਤਾ ਹੈ। ਕਵੀ ਮਨ ਵਿੱਚ ਇੱਕ ਸ਼ੂਨ ਹੁੰਦਾ ਹੈ! ਇੱਕ ਚੁੱਪ ਹੁੰਦੀ ਹੈ। ਇਕ ਅਜੀਬ ਜਿਹੀ ਇਕਲਤਾ। ਇੱਕ ਸੁੰਨਾਪਨ! ਜੇ ਸਭ ਕੁਝ ਗੱਲਾਂ ਕਰਕੇ ਜਾਂ ਚਰਚਾ ਦਾ ਵਿਸ਼ਾ ਬਣਾ ਕੇ ਹਵਾ ਦੇ ਕੰਧਾੜੇ ਚੜ੍ਹਾ ਦਈਏ, ਤਾਂ ਲਿਖਣ ਜੋਗਾ ਕੀ ਰਿਹਾ? ਜੇ ਖਿਆਲਾਂ ਨੂੰ, ਕਲਪਨਾ ਨੂੰ, ਸੁਪਨਿਆਂ ਤੇ ਤਾਘਾਂ ਨੂੰ ਤੋੜ ਭੰਨ ਕੇ ਛੱਟ ਲਿਆ ਜਾਏ, ਤਾਂ ਉਹਨਾਂ ਦਾ ਮੂਲ ਰੂਪ, ਜੋ ਕਵਿਤਾ ਹੈ, ਗੁਆਚ ਜਾਵੇਗਾ। ਜਾਂ ਉੱਕਾ ਹੀ ਭਿੰਨ ਹੋ ਜਾਵੇਗਾ।[9]

ਕਦੇ ਕਦੇ ਇਉਂ ਜਾਪਦਾ ਹੈ ਸੀ ਕਿ ਮੈਂ ਕੋਈ ਭਿਆਨਕ ਸੁਪਨਾ ਦੇਖ ਰਹੀ ਹੋਵਾਂ ਤੇ ਇਹ ਅਵਸਥਾ ਅਸਥਾਈ ਹੋਵੇ, ਅਸਥਿਰ ਹੋਵੇ। ਹੁਣ ਖਿੰਡ ਜਾਵੇਗੀ ਤੇ ਮੁੜ ਕੇ ਨਿਘ ਜਾਗ ਪਵੇਗਾ। ਅੱਗ ਸੁਲਗ ਪਵੇਗੀ। ਕੋਈ ਹਲਚਲ ਮਚੇਗੀ ਤੇ ਮੈਂ ਉਹਨਾਂ ਅਣ ਲਿਖੀਆਂ ਸਤਰਾਂ ਨੂੰ ਮੁੜ ਮੁੜ ਪੜ੍ਹਦੀ ਹਾਂ। ਕਾਹਲੀ ਕਾਹਲੀ ਕੰਬਦੀ ਕੰਬਦੀ! ਕਦੀ ਮੁਸਕਰਾਉਂਦੀ ਹਾਂ। ਕਦੀ ਉਦਾਸ ਹੋ ਜਾਂਦੀ ਹਾਂ। ਜਿਵੇਂ ਪਿਆਰ ਪਤੰਗ ਤੋਂ ਲਾਲ ਰੁਮਾਲ ਜਾਂ ਰਿਬਨ ਖੋਲ੍ਹ ਰਹੀ ਹੋਵਾਂ। ਇੱਕ ਅੱਧਾ ਖ਼ਤ ਪੜ੍ਹਾ ਕੇ, ਦੂਜੇ ਪੁਲੰਦੇ ਚੁਕਾ..... ਕਾਗਜ਼ ਸਮੇਂ ਨਾਲ ਪੀਲੇ ਪੈ ਗਏ ਹਨ ਤੇ ਭੁਰਭਰੇ ਹੋ ਗਏ ਹਨ। ਦਿਲ ਵਿੱਚੋਂ ਇੱਕ ਹੂਕ ਉਠਦੀ ਹੈ।[10]

ਵਾਰਤਕ ਕੋਈ ਗਲਪ ਰਚਨਾ ਨਹੀਂ ਜਿਸ ਵਿਚ ਕੋਈ ਕਥਾ ਬਿਰਤਾਂਤ ਘੜਿਆ ਜਾਂਦਾ ਹੈ। ਇਹ ਕਾਲਪਨਿਕ ਘਟਨਾਵਾਂ ਦਾ ਵੇਰਵਾ ਵੀ ਨਹੀਂ ਕਿ ਤੁਸੀਂ ਮਰਜੀ ਦੇ ਪਾਤਰ ਪਾ ਕੇ ਇਸ ਨੂੰ ਸੁਆਦਲਾ ਬਣਾ ਦੇਵੋ। 'ਵਾਰਤਕ ਵਿਚ ਰੋਚਕਤਾ ਬਣਾਈ ਰੱਖਣ ਲਈ ਲੇਖਕ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਕਵਿਤਾ ਵਿਚ ਛੰਦ, ਬਿੰਬ ਅਤੇ ਅਲੰਕਾਰ ਕਵਿਤਾ ਨੂੰ ਰੋਚਕ ਬਣਾ ਦਿੰਦੇ ਹਨ। ਗਲਪ ਵਿਚ ਕਥਾ ਦੇ ਦਿਲਚਲਪ ਵੇਰਵੇ ਪਾਠਕ ਦੀ ਰੁਚੀ ਨੂੰ ਬੰਨ੍ਹੀ ਰੱਖਦੇ ਹਨ। ਨਾਟਕ ਇਕ ਦਰਸ਼ਨੀ ਮਾਧਿਅਮ ਹੈ। ਵੱਖ ਵੱਖ ਭੇਸਾਂ ਅਤੇ ਰੂਪਾਂ ਵਿਚ ਨਾਟਕ ਦੇ ਪਾਤਰ ਮੰਚ ਉੱਪਰ ਉਪਸਥਿਤ ਹੁੰਦੇ ਹਨ। ਉਹ ਆਪਣੀ ਬੋਲ-ਬਾਣੀ ਅਤੇ ਆਚਾਰ ਵਿਹਾਰ ਨਾਲ ਦਰਸ਼ਕਾਂ ਦੇ ਧਿਆਨ ਨੂੰ ਖਿੱਚੀ ਰੱਖਦੇ ਹਨ ਪਰ ਇਕ ਵਾਰਤਕਕਾਰ ਪਾਸ ਇਹਨਾਂ ਵਿਚੋਂ ਕੋਈ ਵੀ ਹਥਿਆਰ ਨਹੀਂ ਹੁੰਦਾ। ਉਸਨੂੰ ਬਿਨਾਂ ਕਿਸੇ ਹਥਿਆਰ ਨੰਗੇ ਧੜ ਲੜਨਾ ਪੈਂਦਾ ਹੈ।'[11] ਨਵੀਆਂ ਵਾਰਤਕ ਜੁਗਤਾਂ ਘੜਨੀਆਂ ਪੈਂਦੀਆਂ ਹਨ ਤਾਂ ਕਿ ਪਾਠਕ ਦੀ ਦਿਲਚਸਪੀ ਬਣੀ ਰਹੇ। ਵਿਸ਼ੇਸ਼ਕਰ ਵਾਰਤਕ ਜਦੋਂ ਸਵੈਮੂਲਕ ਹੋਵੇ। ਕੋਈ ਪਾਠਕ ਕਿਸੇ ਲੇਖਕ ਦੇ ਜੀਵਨ ਵੇਰਵਿਆਂ ਨਾਲ ਕਿਉਂ ਜੁੜਨਾ ਚਾਹੇਗਾ? ਇਸ ਪ੍ਰਸੰਗ ਵਿਚ ਪ੍ਰਭਜੋਤ ਕੌਰ ਬਹੁਤ ਸਾਰੀਆਂ ਵਾਰਤਕ ਜੁਗਤਾਂ ਜ਼ਰੀਏ ਆਪਣੀ ਵਾਰਤਕ ਨੂੰ ਰੌਚਕ ਬਣਾਉਂਦੀ ਹੈ। ਪਹਿਲੀ ਗੱਲ ਹੈ ਉਸਦੀ ਸ਼ਬਦ ਚੋਣ। ਉਹ ਸ਼ਬਦ ਚੋਣ ਸਮੇਂ ਪੂਰਨ ਸੁਚੇਤ ਰਹਿੰਦੀ ਹੈ। ਉਸਦੀ ਸ਼ਬਦਾਵਲੀ ਟਕਸਾਲੀ ਪੰਜਾਬੀ ਦੇ ਬਹੁਤ ਨੇੜੇ ਹੈ। ਉਸਦਾ ਵਧੇਰੇ ਜੀਵਨ ਸ਼ਹਿਰਾਂ, ਵੱਖ ਵੱਖ ਥਾਵਾਂ ਤੇ ਬੀਤਿਆ। ਉਸ ਕੋਲ ਠੇਠ ਸ਼ਬਦਾਵਲੀ ਦਾ ਉਸ ਤਰ੍ਹਾਂ ਦਾ ਭੰਡਾਰ ਨਹੀਂ ਪਰ ਉਹ ਕਵਿਤਰੀ ਹੋਣ ਕਰਕੇ ਸ਼ਬਦਾਂ ਵਿਚੋਂ ਭਾਵ ਪੈਦਾ ਕਰਨਾ ਜਾਣਦੀ ਹੈ। ਇੰਝ ਹੀ ਵਾਕ ਬਣਤਰ ਪੱਖੋਂ ਉਸਦੀ ਵਾਰਤਕ ਬਹੁਤ ਚੁਸਤ ਹੈ। ਵਾਕਾਂ ਵਿਚ ਕਿਤੇ ਅਕਾਊਪਨ, ਲਮਕਾਅ ਜਾਂ ਬੇਲੋੜਾ ਵਿਸਥਾਰ ਨਹੀਂ ਹੈ। ਇਕ ਰਵਾਨੀ ਹੈ ਜੋ ਕਵਿਤਾ ਦੀ ਲੈਅ ਵਾਂਗ ਚਲਦੀ ਹੈ ਤੇ ਹੌਲੀ ਹੌਲੀ ਇਹ ਲੈਅ ਹੋਰ ਡੂੰਘੀ, ਗਹਿਰੀ ਹੁੰਦੀ ਜਾਂਦੀ ਹੈ। ਉਹ ਆਪਣੀ ਗੱਲ ਕਹਿਣ ਲੱਗਿਆਂ ਸਿਰਫ਼ ਇਕ ਵਾਕ ਵਿਚ ਹੀ ਆਪਣੀ ਗੱਲ ਨਹੀਂ ਕਹਿੰਦੀ ਬਲਕਿ ਮਿਸ਼ਰਿਤ ਤੇ ਸੰਯੁਕਤ ਵਾਕ ਦੇ ਰੂਪ ਵਿਚ ਵਾਕ ਨੂੰ ਸੁਆਦਲਾ ਬਣਾ ਦਿੰਦੀ ਹੈ। ਜਿਵੇਂ :-

'ਫਰਕ ਹੁਣ ਵੀ ਕੁਝ ਨਹੀਂ ਪਿਆ। ਮੈਂ ਹਰ ਭਾਵ ਨੂੰ ਜਿਉਂਦੀ ਹਾਂ। ਹਰ ਅਹਿਸਾਸ ਨੂੰ ਹੰਡਾਉਂਦੀ ਹਾਂ। ਹਰ ਪੀੜ ਨੂੰ ਜਰਦੀ ਹਾਂ। ਹਰ ਤਾਂਘ ਨਾਲ ਤਰਸਦੀ ਹਾਂ। ਹਰ ਸੁਪਨੇ

ਨਾਲ ਜਾਗਦੀ ਹਾਂ। ਹਰ ਉਡੀਕ ਨੂੰ ਤੜਪਦੀ ਹਾਂ। ਚੇਤੰਨ ਤੌਰ ਉੱਤੇ ਕਵਿਤਾ ਨੂੰ ਰਚਦੀ ਹੋਈ ਵੀ ਮੇਰਾ ਰਚਨਾਤਮਕ ਕਰਮ ਸੁਭਾਵਕ ਹੈ। ਸਹਿਜ ਹੈ। ਆਪ ਮੁਹਾਰੇ ਹੈ।'[12]

ਉਪਰੋਕਤ ਪ੍ਰਸੰਗ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸਦੀ ਵਾਰਤਕ ਵਿਚ ਭਾਰਤੀ ਕਾਵਿ ਪਰੰਪਰਾ ਅਨੁਸਾਰ 'ਮਧੁਰਤਾ' ਦਾ ਗੁਣ ਹੈ। ਪ੍ਰਭਜੋਤ ਕੌਰ ਦੀ ਵਾਕ ਬਣਤਰ ਦੀ ਮਧੁਰਤਾ ਮਨ ਤੇ ਅਸਰ ਕਰਦੀ ਹੈ, ਅਨੰਦਦਾਇਕ ਹੈ। ਉਸਦੀ ਵਾਰਤਕ ਵਿਚ 'ਓਜ' ਦੀ ਕੋਈ ਥਾਂ ਨਹੀਂ। ਪੜ੍ਹਦਿਆਂ ਉਸਦੇ ਸ਼ਬਦਾਂ ਦੀ ਕੋਮਲਤਾ ਮਹਿਸੂਸ ਹੁੰਦੀ ਹੈ। ਭਾਵੇਂ ਉਸਦੀ ਜ਼ਿੰਦਗੀ ਵਿਚ ਅਨੇਕ ਵਿਸੰਗਤੀਆਂ, ਕਸ਼ੀਦਗੀਆਂ ਹਨ ਪਰ ਉਲਾਂਭਾ ਕਿਤੇ ਨਹੀਂ। ਕੋਈ ਖਰ੍ਹਵੀ ਭਾਸ਼ਾ ਨਹੀਂ।

ਤੂੰ ਹੀ ਮੈਨੂੰ ਪਿਆਰ ਵਰਗੇ ਨਾਜ਼ਕ ਜਜ਼ਬੇ ਤੋਂ ਜਾਣੂ ਕਰਾਇਆ। ਤੂੰ ਹੀ ਮੇਰੇ ਅਹਿਸਾਸ ਵਿਕਸਿਤ ਕੀਤੇ। ਤੇ ਤੂੰ ਹੀ ਮੇਰੇ ਅਹਿਸਾਸਾਂ ਦੀ ਤਲਬ ਨੂੰ ਇਤਨਾ ਪ੍ਰਚੰਡ ਬਣਾਇਆ!

ਕਿਉਂ ਕੀਤਾ ਤੂੰ ਇਹ ਸਭ ਕੁਝ?

ਮੈਨੂੰ ਦੁਖੀ ਕਰਨ ਲਈ ?

ਜਾਂ ਮੈਨੂੰ ਇੱਕ ਪੂਰਨ ਆਤਮਾ ਬਣਾਨ ਲਈ?

ਜੋ ਸਾਨੂੰ ਭੁੱਲ ਜਾਂਦੇ ਹਨ ਉਹਨਾਂ ਨੂੰ ਯਾਦ ਕਰਨ ਵਿੱਚ ਵੀ ਇਕ ਮਜ਼ਾ ਹੈ? ਜੇ ਪਿਆਰ ਦਾ ਵਿਸਾਲ ਮਿੱਠਾ ਹੈ ਤਾਂ ਬਿਰਹਾ ਦੀ ਕੁੜਵਾਹਟ ਵੀ ਮਿੱਠੀ ਹੀ ਲੱਗਦੀ ਹੈ। ਬਸ ਆਦਤ ਪੈ ਜਾਂਦੀ ਹੈ...ਜਿਵੇਂ ਸਾਹ ਲੈਣ ਦੀ...[13]

ਪ੍ਰਭਜੋਤ ਕੌਰ ਦੀ ਵਾਰਤਕ ਵਿਚ ਸਭਿਆਚਾਰ ਨਾਲ ਸੰਬੰਧਿਤ ਅਨੇਕ ਵੇਰਵੇ ਹਨ। ਸਭਿਆਚਾਰਕ ਵੇਰਵੇ ਕਿਸੇ ਰਚਨਾ ਵਿਚ ਲੋਕ ਮੁਹਾਵਰਾ ਉਤਪਨ ਕਰਦੇ ਹਨ। ਪਾਠਕ ਨਾਲ ਸਾਂਝ ਸਥਾਪਿਤ ਕਰਦੇ ਹਨ। ਜਦੋਂ ਪਾਠਕ ਤੇ ਲੇਖਕ ਇਕ ਹੀ ਸਭਿਆਚਾਰਕ 'ਲੋਕੇਸ਼ਨ' 'ਤੇ ਵਿਚਰਦੇ ਹਨ ਜਾਂ ਇਕੱਠੇ ਹੋ ਜਾਂਦੇ ਹਨ ਤਾਂ ਇਹਨਾਂ ਵਿਚਲੀ ਸਾਂਝ ਗੂੜ੍ਹੀ ਹੋ ਜਾਂਦੀ ਹੈ। ਪਾਠਕ ਉਸ ਸਭਿਆਚਾਰਕ ਧਰਾਤਲ ਦੇ ਨਵੇਂ ਮਾਇਨੇ ਕੱਢਦਾ, ਸੋਚਦਾ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪ੍ਰਭਜੋਤ ਕੌਰ ਆਪਣੀਆਂ ਮਾਨਸਿਕ ਸਥਿਤੀਆਂ ਦੀ ਵਿਆਖਿਆ ਲਈ ਲੋਕ ਕਥਾਵਾਂ ਦੇ ਪਾਤਰਾਂ ਦਾ ਸਹਾਰਾ ਲੈਂਦੀ ਹੈ। ਉਹ ਆਪਣੀਆਂ ਕਾਵਿ ਰਚਨਾਵਾਂ ਵਿਚ ਲੋਕ ਕਾਵਿ ਨੂੰ ਆਧਾਰ ਬਣਾਉਂਦੀ ਹੈ। ਉਸਦਾ ਬਚਪਨ ਪਿੰਡ ਵਿਚ ਬੀਤਿਆ। ਪਿੰਡ ਦੀ ਰਹਿਤਲ ਉਸਦੇ ਨਾਲ ਤੁਰਦੀ ਹੈ। ਉਹ ਉਸ ਰਹਿਤਲ ਵਿਚ ਪਏ ਸਕੂਨ ਦੀ ਗੱਲ ਕਰਦੀ ਹੈ। ਸਭਿਆਚਾਰਕ ਤੰਦਾਂ ਵਿਚ ਪਈ ਸਾਂਝ ਨੂੰ ਉਲੀਕਦੀ

ਹੈ। ਜਿਵੇਂ ਆਪਣੀ ਸਵੈਜੀਵਨੀ ਵਿਚ ਉਹ ਆਪਣੀ ਪਰਿਵਾਰਿਕ ਪੈਂਠ ਦੇ ਵੇਰਵੇ ਦਿੰਦੀ ਹੈ ਕਿ ਕਿਵੇਂ ਉਸਦੇ ਪੜਦਾਦੇ ਦਾ ਦਰਬਾਰ ਲਗਦਾ ਸੀ ਤੇ ਉਹ ਪਿੰਡ ਦੇ ਫ਼ੈਸਲੇ ਕਰਦਾ ਸੀ। ਉਹ ਹਵੇਲੀ ਦਾ ਜ਼ਿਕਰ ਕਰਦੀ ਹੈ। ਇੰਝ ਹੀ ਉਹ ਇਕ ਹੋਰ ਥਾਂ ਪਿੰਡ ਦੇ ਰੋਮਾਂਸ ਨੂੰ ਬਿਆਨਦੀ ਹੈ। ਇਹ ਵੇਰਵੇ ਉਵੇਂ ਹੀ ਹਨ ਜਿਵੇਂ ਵਾਰਿਸ ਸ਼ਾਹ ਆਪਣੇ ਕਿੱਸੇ ਵਿਚ ਪਿੰਡ ਨੂੰ ਬਿਆਨ ਕਰਦਾ ਹੈ:-

ਪਿੰਡ ਭੁਲਾਇਆਂ ਨਹੀਂ ਭੁੱਲਦਾ ਇਥੇ ਦਾ ਵਾਤਾਵਰਨ ਤੇ ਰਹਿਣ ਸਹਿਣ ਸਾਡੇ ਛਾਵਣੀ ਦੇ ਰਹਿਣ ਸਹਿਣ ਤੇ ਵਾਤਾਵਰਨ ਨਾਲੋਂ ਬਿਲਕੁਲ ਭਿੰਨ ਹੁੰਦਾ ਸੀ। ਇੱਥੇ ਪ੍ਰਭਾਤ ਦਾ ਸਮਾਂ ਬੜਾ ਸੁੰਦਰ ਹੁੰਦਾ ਸੀ, ਭਾਵੇਂ ਸਾਰੇ ਹੀ ਲੋਕ ਕੰਮਾਂ ’ਤੇ ਜਾਂਦੇ ਸਨ ਪਰ ਕੋਈ ਭੱਜ ਦੌੜ ਨਹੀਂ ਸੀ ਦਿੱਸਦੀ। ਖੇਤਾਂ ਵੱਲ ਜਾਂਦੇ ਬੈਲਾਂ ਦੀਆਂ ਟੱਲੀਆਂ ਦਾ ਸੰਗੀਤ ਪੌਣ ਵਿੱਚ ਘੁਲ ਜਾਂਦਾ ਸੀ। ਗੁਰਦੁਆਰੇ ਵਿੱਚ ਹੁੰਦੇ ਕੀਰਤਨ ਦੀ ਸੁਰ, ਭਾਵੇਂ ਕਿੱਥੇ ਹੋਵੇ, ਕੰਨਾਂ ਵਿੱਚ ਪੈਂਦੀ ਰਹਿੰਦੀ ਸੀ। ਤੀਵੀਆਂ ਜਦ ਰਿੜਕੇ ਪਾਂਦੀਆਂ ਤਾਂ, ਮਧਾਣੀ ਦਾ ਵੀ ਇੱਕ ਸੰਗੀਤ ਹੁੰਦਾ ਸੀ ਤੇ ਨਾਲ ਹੀ ਸਵਾਣੀਆਂ ਹੌਲੀ ਹੌਲੀ ਪਾਠ ਕਰਦੀਆਂ ਸੁਣਦੀਆਂ ਸਨ। ਕਿਤਨਾ ਸ਼ਾਂਤ ਮਈ ਮਾਹੌਲ ਹੁੰਦਾ ਸੀ।[14]

ਪ੍ਰਭਜੋਤ ਕੌਰ ਨੂੰ ਆਪਣੀ ਵਾਰਤਕ ਵਿਚ ਉਤਸੁਕਤਾ ਭਰਨੀ ਆਉਂਦੀ ਹੈ। ਸਵੈਮੂਲਕ ਵਾਰਤਕ ਤਾਂ ਖੜ੍ਹੀ ਹੀ ਉਤਸੁਕਤਾ ਤੇ ਹੁੰਦੀ ਹੈ। ਕੋਈ ਲੇਖਕ ਜਦੋਂ ਆਪਣੇ ਖੇਤਰ ਵਿਚ ਇਕ ਮੁਕਾਮ 'ਤੇ ਹੁੰਦਾ ਹੈ ਤਾਂ ਪਾਠਕ ਉਸਦੇ ਜੀਵਨ, ਉਸਦੀ ਸਿਰਜਣ ਪ੍ਰਕਿਰਿਆ ਨੂੰ ਨੇੜਿਓਂ ਪੜ੍ਹਨਾ, ਸੁਣਨਾ ਚਾਹੁੰਦਾ ਹੈ ਜਾਂ ਕੋਈ ਲੇਖਕ ਆਪਣੇ ਅਨੁਭਵਾਂ ਨੂੰ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹੈ। ਪ੍ਰਭਜੋਤ ਕੌਰ ਆਪਣੀਆਂ ਵਾਰਤਕ ਰਚਨਾਵਾਂ ਉਸ ਸਵਾਲ ਨਾਲ ਆਰੰਭ ਕਰਦੀ ਹੈ ਕਿ ਮੈਂ ਇਹ ਰਚਨਾਵਾਂ ਕਿਉਂ ਲਿਖ ਰਹੀ ਹਾਂ। ਜਿਵੇਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਉਹ ਆਪਣੀ ਗੱਲ ਨੂੰ ਦਾਰਸ਼ਨਿਕ ਪੁੱਠ ਦੇ ਦਿੰਦੀ ਹੈ। ਉਸਨੂੰ ਖੁਸ਼ਕ ਨਹੀਂ ਰਹਿਣ ਦਿੰਦੀ। ਉਸਦੇ ਦਰਸ਼ਨ ਵਿਚ ਕਈ ਸਵਾਲ ਪੈਦਾ ਹੁੰਦੇ ਹਨ, ਕੀ ਜਵਾਬ ਪਏ ਹੁੰਦੇ ਹਨ। ਪਾਠਕ ਉਸਦੇ ਕੁਝ ਸਵਾਲਾਂ ਦੇ ਜਵਾਬ ਤਲਾਸ਼ਦਾ ਉਸਦੇ ਨਾਲ ਤੁਰ ਪੈਂਦਾ ਹੈ ਤੇ ਅੱਗੇ ਤੋਂ ਅੱਗੇ ਯਾਤਰਾ ਕਰਦਾ ਹੈ। ਇਸ ਯਾਤਰਾ ਵਿਚ ਪਾਠਕ ਖਾਲੀ ਹੱਥ ਨਹੀਂ ਮੁੜਦਾ ਬਲਕਿ ਪ੍ਰਭਜੋਤ ਕੌਰ ਆਪਣੇ ਜੀਵਨ ਵੇਰਵਿਆਂ ਨੂੰ ‘ਯੂਨੀਵਰਸਲ’ ਬਣਾਉਂਦੀ ਤੁਰੀ ਜਾਂਦੀ ਹੈ। ਇੰਝ ਪਾਠਕ ਕਾਫ਼ੀ ਕੁਝ ਪ੍ਰਾਪਤ ਕਰਦਾ ਹੈ।

ਮੇਰੀ ਆਵਾਜ਼ ਤਾਂ ਅੱਜ ਸਮੇਂ ਨੂੰ ਸੁਣਨਾ ਪਵੇਗੀ। ਕਿਉਂ ਕਿ ਇਹ ਸਿਰਫ਼ ਮੇਰੀ ਇਕੱਲੀ ਦੀ ਆਵਾਜ਼ ਨਹੀਂ। ਸਗੋਂ ਮੇਰੇ ਵਰਗੀਆਂ ਅਣਗਿਣਤ ਔਰਤਾਂ ਦੀ ਆਵਾਜ਼ ਹੈ।[15]

ਪ੍ਰਭਜੋਤ ਕੌਰ ਆਪਣੀ ਸਿਰਜਣ-ਪ੍ਰਕਿਰਿਆ ਦੇ ਅਨੁਭਵ ਸਾਂਝੇ ਕਰਨ ਸਮੇਂ ਉਹਨਾਂ ਤਮਾਮ ਟਿੱਪਣੀਆਂ, ਵਿਦਵਾਨਾਂ ਦੀਆਂ ਉਸ ਬਾਰੇ ਦਿੱਤੀਆਂ ਧਾਰਨਾਵਾਂ ਨੂੰ ਵੀ ਆਪਣੀ ਵਾਰਤਕ ਵਿਚ ਦਰਜ ਕਰਦੀ ਹੈ। ਜਿਵੇਂ ਸ.ਸ.ਅਮੋਲ, ਹਰਕਿਸ਼ਨ ਸਿੰਘ, ਸ. ਸੋਜ਼, ਜਸਬੀਰ ਸਿੰਘ ਆਹਲੂਵਾਲੀਆ, ਡਾ. ਸਤਿੰਦਰ ਸਿੰਘ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਐਚ.ਐਸ. ਸੋਬਤੀ ਆਦਿ। ਸਥਿਤੀ ਇਹ ਵੀ ਹੈ ਕਿ ਇਕ ਪਾਸੇ ਉਹ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਆਪਣੀ ਵਾਰਤਕ ਵਿਚ ਦਰਜ ਕਰਕੇ ਉਹ ਆਪਣੀ ਲੇਖਣੀ ਦੇ ਤੱਥਗਤ ਵੇਰਵੇ ਦਿੰਦੀ ਹੈ ਪਰ ਦੂਜੇ ਪਾਸੇ ਉਹ ਇਹ ਵੀ ਕਹਿੰਦੀ ਹੈ ਕਿ ਪੰਜਾਬੀ ਦੀ ਆਲੋਚਨਾ ਅਜੇ ਪ੍ਰੋੜ ਨਹੀਂ ਹੋਈ। ਉਹ ਆਲੋਚਕਾਂ ਤੇ ਵਿਅੰਗ ਕਰਦੀ ਹੋਈ ਉਹਨਾਂ ਨੂੰ ਭੰਡ ਵੀ ਕਹਿ ਦਿੰਦੀ ਹੈ। ਇਥੇ ਉਸਦਾ ਦ੍ਰਿਸ਼ਟੀਕੋਣ ਸਵਾਲ ਦੇ ਘੇਰੇ ਵਿਚ ਆ ਜਾਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਭਜੋਤ ਕੌਰ ਸਾਹਿਤ ਦੀਆਂ ਇਕ ਤੋਂ ਵਧੇਰੇ ਵਿਧਾਵਾਂ ਵਿਚ ਸਾਹਿਤ ਰਚਨਾ ਕਰਦੀ ਹੈ। ਉਸ ਕੋਲ ਜੀਵਨ ਦਾ ਅਨੁਭਵ ਵੀ ਹੈ ਤੇ ਅਧਿਐਨ ਵੀ। ਉਸ ਕੋਲ ਦ੍ਰਿਸ਼ਟੀਕੋਣ ਦੀ ਮੌਲਿਕਤਾ ਤੇ ਵਿਲੱਖਣਤਾ ਹੈ। ਉਹ ਆਪਣੀ ਭਾਸ਼ਾ ਯੋਗਤਾ ਨਾਲ ਆਪਣਾ ਵਾਰਤਕ ਨੂੰ ਵਧੇਰੇ ਸਾਰਥਕ, ਸਹਿਜ, ਵਿਸ਼ਾਲ ਤੇ ਮੌਲਿਕ ਬਣਾਉਂਦਿਆਂ ਇਸ ਨੂੰ ਬਿਰਤਾਂਤਮਈ, ਦਾਰਸ਼ਨਿਕ, ਵਿਆਖਿਆਮਈ ਅਤੇ ਇਤਿਹਾਸਕ ਬਣਾ ਲੈਂਦੀ ਹੈ। ਉਸ ਕੋਲ ਕਾਵਿਕ ਤੇ ਵਿਅੰਗਮਈ ਵਾਰਤਕ ਦਾ ਰੰਗ ਵੀ ਹੈ। ਪ੍ਰਭਜੋਤ ਕੌਰ ਦੀ ਵਾਰਤਕ ਵਿਚ ਸ਼ਿਸ਼ਟਾਚਾਰ ਦਾ ਗੁਣ ਹੈ ਪਰ ਇਹ ਵੀ ਸਪਸ਼ਟ ਹੈ ਕਿ ਉਸਦੀ ਵਾਰਤਕ ਜਜ਼ਬਾਤੀ ਵਧੇਰੇ ਹੈ। ਉਸ ਦੀਆਂ ਰਚਨਾਵਾਂ ਪੰਜਾਬੀ ਵਾਰਤਕ ਸਾਹਿਤ ਵਿਚ ਅਹਿਮ ਯੋਗਦਾਨ ਪਾਉਂਦੀਆਂ ਹਨ।

**ਹਵਾਲੇ**

[1] ਡਾ. ਮਨਮੋਹਨ ਕੇਸਰ, ਵਾਰਤਕ ਅਤੇ ਵਾਰਤਕਕਾਰ, ਪੈਪਸੂ ਬੁਕ ਡਿਪੂ, ਪਟਿਆਲਾ, 1976, ਪੰਨਾ 10

[2] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 42

[3] ਉਹੀ, ਪੰਨਾ 47

[4] ਉਹੀ, ਪੰਨਾ 17

[5] Quoted by W.H. Hudson, Ibid.p. 27
ਉਧਰਿਤ : ਸਤਿੰਦਰ ਸਿੰਘ, 'ਵਾਰਤਕ ਸ਼ੈਲੀ', ਵਾਰਤਕ ਸਿਧਾਂਤ (ਸੰਪਾ. ਡਾ. ਗੁਰਨਾਇਬ ਸਿੰਘ, ਡਾ. ਚਰਨਜੀਤ ਕੌਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 34

[6] ਪ੍ਰਭਜੋਤ ਕੌਰ, ਮੇਰੀ ਸਾਹਿਤਕ ਸ੍ਵੈਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 1-2

[7] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 94

[8] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਦੂਜਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 2017, ਪੰਨਾ 86

[9] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 253

[10] ਪ੍ਰਭਜੋਤ ਕੌਰ, ਕਾਵਿ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 130

[11] ਬ੍ਰਹਮਜਗਦੀਸ਼ ਸਿੰਘ (ਪ੍ਰੋ.), ਆਧੁਨਿਕ ਪੰਜਾਬੀ ਵਾਰਤਕ ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਵਾਰਿਸ ਸ਼ਾਹ ਫ਼ਉਡੇਸ਼ਨ, ਅੰਮ੍ਰਿਤਸਰ, 2012, ਪੰਨਾ 20

[12] ਪ੍ਰਭਜੋਤ ਕੌਰ, ਕਾਵਿ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 66

[13] ਪ੍ਰਭਜੋਤ ਕੌਰ, ਮੇਰੀ ਸਾਹਿਤਕ ਸ੍ਵੈਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 121

[14] ਪ੍ਰਭਜੋਤ ਕੌਰ, ਜੀਣਾ ਵੀ ਇਕ ਅਦਾ ਹੈ (ਭਾਗ-ਪਹਿਲਾ), ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1996, ਪੰਨਾ 31

[15] ਉਹੀ, ਪੰਨਾ 260